Weekly

# CANADA SIKH TIMES

12 - 18 November, 2023

ਕੈਨੇਡਾ ਸਿੱਖ ਟਾਈਮਜ਼

Volume 1 Issue 24



## First Sikh-American Jag Bains Wins Big Brother 25 show



Season 25 of the popular American reality show Big Brother has concluded after 100 days, and we have a winner. Jag Bains, one of the three remaining houseguests, has been crowned the champion. Mr Bains is the first Sikh-American to win the US version of the reality show. The 25-year-old is a truck company owner from Washington, reported People. Mr Bains defeated fellow alliance member Matt Klotz, a 27-year-old Deaflympics swimmer, and Bowie Jane Ball, a 46-year-old Australian DJ and barrister, to win the 100-day season. Mr Bains won over Matt Klotz by 5-2 after the former contestants were called on stage to cast their votes. After his big win, Jag Bains said he was "This has been the greatest experience of my life. To be able to win this with integrity and loyalty the whole time is exactly what I wanted to do,"

## ਕੈਨੇਡਾ ਦੇ ਪਹਿਲੇ ਸਿੱਖ ਸ਼ਹੀਦ ਬੁੱਕਮ ਸਿੰਘ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ






ਕੈਨੇਡਾ ਦੇ ਕਿਚਨੇਰ ਸ਼ਹਿਰ ਵਿਖੇ ਪਹਿਲੇ ਸਿੱਖ ਸ਼ਹੀਦ ਸ. ਬੁੱਕਮ ਸਿੰਘ ਨੂੰ ਯਾਦ ਕਰਦਿਆਂ ਹਰ ਸਾਲ ਦੀ ਤਰ੍ਹਾਂ ਸਰਧਾਂਜਲੀ ਸਮਾਗਮ ਕਰਵਾਇਆ ਗਿਆ। ਸਰਦਾਰ ਬੁੱਕਮ ਸਿੰਘ, ਉਹਨਾਂ 9 ਸਿੱਖ ਸਿਪਾਹੀਆਂ ਵਿੱਚੋ ਇੱਕ ਸਨ ਜਿਨ੍ਹਾਂ ਕੈਨੇਡੀਅਨ ਫੌਜ ਵਲੋਂ ਦੂਜੇ ਵਿਸ਼ਵ ਯੁੱਧ ਵਿੱਚ ਭਾਗ ਲਿਆ ਸੀ। ਇਸ ਸ਼ਰਧਾਂਜਲੀ ਸਮਾਗਮ ਵਿੱਚ Canadian veterans organisations, Indian Ex servicemen , RCMP, Toronto Police , Local Police, ਤਿੰਨਾਂ ਸਰਕਾਰਾਂ ਦੇ ਚੁਣੇ ਹੋਏ ਨੁਮਾਇੰਦੇ, ਸਿੱਖ ਮੋਟਰਸਾਇਕਲ ਕਲੱਬ ਆਫ ਓਂਨਟਾਰਿਓ, ਵੱਖ-ਵੱਖ ਸਿੱਖ ਸੰਸਥਾਵਾਂ, ਸਿੱਖ ਪਰਿਵਾਰਾਂ ਤੇ ਸਮਾਜ ਦੇ ਬਾਕੀ ਵਰਗਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

ਸ. ਬੁੱਕਮ ਸਿੰਘ ਦੇ ਜੀਵਨ ਸੰਬੰਧੀ ਵੇਰਵਿਆ ਤੋਂ ਪਤਾ ਚੱਲਦਾ ਹੈ, ਉਹਨਾਂ ਦਾ ਜਨਮ 5 ਦਸੰਬਰ, 1893 ਨੂੰ ਪਿੰਡ ਮਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਵਿੱਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਸ. ਬਦਨ ਸਿੰਘ ਤੇ ਮਾਤਾ ਦਾ ਨਾਮ ਚੰਦੀ ਕੌਰ ਸੀ। ਉਹਨਾਂ ਦਾ ਵਿਆਹ ਪ੍ਰੀਤਮ ਕੌਰ ਨਾਲ 1903 ਵਿੱਚ ਹੋਇਆ। ਸੰਨ 1907 ਨੂੰ 14 ਸਾਲ ਦੀ ਉਮਰ ਵਿੱਚ ਉਹ ਕਨੇਡਾ ਦੇ ਸੂਬੇ ਬੀ.ਸੀ. ਵਿੱਚ ਪਹੁੰਚੇ ਜਿਥੋਂ ਫਿਰ ਅੱਗੇ ਫੌਜ ਦਾ ਸਫਰ ਆਰੰਭ ਹੋਇਆ।

## ਦੋਵੇਂ ਤੰਦਰੁਸਤ




ਅਸੀਂ ਆਮਤੌਰ ਤੇ ਆਪਣੇ ਸਾਰੇ ਪਰਿਵਾਰਕ ਮੈਂਬਰਾਂ ਦਾ ਜਨਮਦਿਨ ਮਨਾਉਂਦੇ ਹਾਂ। ਦੋਸਤਾਂ, ਮਿੱਤਰਾਂ ਤੇ ਸੰਬੰਧੀਆਂ ਨੂੰ ਇਕੱਠਾ ਕਰਕੇ ਖੁਸ਼ੀ ਸਾਂਝੀ ਕਰਦੇ ਹਾਂ, ਜੋ ਕਿ ਇਕ ਚੰਗੀ ਗੱਲ ਹੈ। ਪਰ ਅਜਿਹੀਆਂ ਖੁਸ਼ੀਆਂ-ਦਿਹਾੜੇ ਵੀ ਤਾਂ ਹੀ ਮਨਾਏ ਜਾ ਸਕਣਗੇ ਜੇਕਰ ਅਸੀਂ ਸ਼ਰੀਰਕ ਤੇ ਮਨ ਪੱਖੋਂ ਬਿਲਕੁਲ ਤੰਦਰੁਸਤ ਰਹਾਂਗੇ। ਅੱਜ ਜਿਵੇਂ ਸ਼ਰੀਰਕ ਤੰਦਰੁਸਤੀ ਲਈ ਰੋਜ਼ਾਨਾ ਕਸਰਤ, ਪੈਦਲ ਚਲਣਾ, ਚੰਗਾ ਖਾਣਾ ਜ਼ਰੂਰੀ ਹੈ, ਉਂਵੇ ਹੀ ਮਨ ਦੀ ਤੰਦਰੁਸਤੀ ਤੇ ਚੜ੍ਹਦੀਕਲਾ ਲਈ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨਾ, ਬਾਣੀ ਨੂੰ ਸਮਝਣਾ ਤੇ ਉਸਤੇ ਅਮਲ ਕਰਨਾ ਵੀ ਅਤਿ ਲਾਜ਼ਮੀ ਹੈ। ਆਓ ਅਸੀਂ ਸਾਰੇ ਮਿਲ ਕੇ ਇਕ ਪ੍ਰਣ ਕਰੀਏ ਕਿ ਸ਼ਰੀਰ ਅਤੇ ਮਨ ਦੋਹਾਂ ਨੂੰ ਅਧਿਆਤਮਕ ਸੇਧ ਦਿੰਦਿਆਂ ਤੰਦਰੁਸਤ ਰਖਾਂਗੇ। - ਪੁਸਤਕ ਆਗਾਹਾ ਕੂ ਤ੍ਰਾਘਿ 'ਚੋਂ

# DESH VIDESH

## ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ

- ਹਰਪ੍ਰੀਤ ਕੌਰ ਭਾਟੀਆ



ਸੰਬੰਧ ਦੀਆਂ ਤਿੰਨ ਸ਼ਾਖਾ ਹਨ - ਦਾਦਕੇ, ਨਾਨਕੇ ਤੇ ਸਹੁਰੇ। ਇਹ ਸੰਬੰਧ ਖ਼ੂਨੀ ਹੈ, ਇਸ ਵਾਸਤੇ ਇਨ੍ਹਾਂ ਨੂੰ ਖ਼ੂਨੀ ਰਿਸ਼ਤਾ ਆਖੀਦਾ ਹੈ। ਕੁਛ ਸੰਬੰਧ ਦਿਲ ਦੇ ਹਨ, ਜਿਸ ਨਾਲ ਦਿਲ ਮਿਲ ਗਿਆ ਸੰਬੰਧ ਜੁੜ ਗਿਆ। ਜਿਥੇ ਗੂੜ੍ਹ ਸੰਬੰਧ ਹੋਵਣ, ਉਥੇ ਮਨੁੱਖ ਆਪਣੇ ਆਪ ਨੂੰ ਖੋਲ ਕੇ ਰੱਖ ਦੇਂਦਾ ਹੈ, ਉਸ ਨੂੰ ਉਪਰਾਪਨ ਨਹੀਂ ਭਾਸਦਾ।

ਜਿਥੇ ਨਾ ਦਿਲੀ ਰਿਸ਼ਤਾ ਹੋਵੇ ਤੇ ਨਾ ਹੀ ਖ਼ੂਨੀ ਰਿਸ਼ਤਾ ਹੋਵੇ,ਉਥੇ ਮਨੁੱਖ ਆਪਣੇ ਆਪ ਨੂੰ ਬੰਦ ਕਰ ਕੇ ਰੱਖਦਾ ਹੈ, ਦਿਲ ਖੋਲ੍ਹ ਨਹੀਂ ਸਕਦਾ, ਭਾਵ ਪ੍ਰਕਟ ਨਹੀਂ ਕਰ ਸਕਦਾ। ਇਸ ਵਾਸਤੇ ਪੀੜਾ ਮਹਿਸੂਸ ਹੁੰਦੀ ਹੈ ਤੇ ਮਨੁੱਖ ਕਹਿ ਉਠਦਾ ਹੈ ਕਿ ਇਥੇ ਮੇਰਾ ਕੋਈ ਨਹੀਂ ਹੈ। ਵਡ -ਪਰਵਾਰੀ ਹੈ, ਅਸੀਂ ਖ਼ੁਸ਼ ਕਿਸਮਤ ਸਮਝਦੇ ਹਾਂ। ਪਿਤਾ ਹੈ, ਮਾਂ ਹੈ, ਭੈਣਾਂ ਹਨ, ਭਰਾ ਹਨ, ਯਾਰ -ਦੋਸਤ ਹਨ। ਨਾਨੀ, ਨਾਨਾ, ਮਾਮੀਆਂ, ਮਾਸੀਆਂ ਤੇ ਸਹੁਰੇ ਘਰ ਦਾ ਲੰਬਾ-ਚੌੜਾ ਸੰਬੰਧ ਹੈ।

ਸਰਬ ਸ਼ਕਤੀਮਾਨ ਪ੍ਰਮਾਤਮਾ ਅਕਾਲ ਪੁਰਖ ਨਾਲ ਅਸੀਂ ਕਿਹੋ ਜਿਹਾ ਸੰਬੰਧ ਜੋੜੀਏ? ਉਹ ਸਾਡਾ ਕਿ ਲੱਗਦਾ ਹੈ? ਉਸ ਵਿਚ ਅਸੀਂ ਕੇਹੜਾ ਰਿਸ਼ਤਾ ਨੀਰੂਪਣ ਕਰੀਏ? ਦੁਨੀਆ ਦੀ ਬਹੁਗਿਣਤੀ ਵਾਲਾ ਮਜਹਬ ਈਸਾਈਅਤ ਉਸ ਅਕਾਲ ਪੁਰਖ ਪ੍ਰਮਾਤਮਾ ਨੂੰ ਪਿਤਾ ਆਖਦਾ ਹੈ। ਉਨ੍ਹਾਂ ਨੇ ਉਸ ਪਰਮ ਸ਼ਕਤੀ ਨਾਲ ਪਿਤਾ ਵਾਲਾ ਸੰਬੰਧ ਅਸਥਾਪਨ ਕੀਤਾ ਹੈ। ਉਹ ਪਿਤਾ ਆਖੀ ਜਾਂਦੇ ਹਨ ਤੇ ਉਨ੍ਹਾਂ ਦੀ ਸ਼ਰਧਾ ਇਸ ਰਿਸ਼ਤੇ ਦੇ ਆਲੇ ਦੁਆਲੇ ਘੁੰਮਦੀ ਹੈ।

ਸਨਾਤਨ ਮਤ ਦਾ ਇਕ ਧੜਾ ਉਸ ਪਰਮ ਸ਼ਕਤੀ ਨੂੰ ਮਾਂ ਆਖ ਕੇ ਪੂੰਜਦਾ ਹੈ।ਉਹ ਮਾਤਾ ਮਾਤਾ ਆਖੀ ਜਾਂਦਾ ਹੈ। ਮਾਤਾ ਦੇ ਜਗਰਾਤੇ, ਮਾਤਾ ਦੀ ਪੂਜਾ ਤੇ ਮਾਤਾ ਦੀ ਹੀ ਪ੍ਰਸੰਸਾ ਕਰਦਾ ਹੈ। ਉਸ ਨੇ ਉਹ ਪਰਮ ਸ਼ਕਤੀ ਨੂੰ ਨੈਣਾ ਦੇਵੀ, ਕਾਲੀ ਦੇਵੀ, ਵੈਸ਼ਨੋ ਦੇਵੀ, ਦੁਰਗਾ ਦੇਵੀ ਤੇ ਸਰਸਵਤੀ ਦੇਵੀ ਦੇ ਰੂਪ ਵਿਚ ਪੂਜਿਆ ਹੈ।

ਸੂਫ਼ੀਆ ਨੇ ਉਸ ਪਰਮ ਸ਼ਕਤੀ ਨਾਲ ਮਹਿਬੂਬ ਤੇ ਮਹਿਬੂਬਾ ਦਾ ਸੰਬੰਧ ਜੋੜਿਆ ਹੈ। ਇਸ ਵਾਸਤੇ ਕਈ ਤੰਗ -ਦਿਲ ਮੁਸਲਮਾਨ ਸੂਫ਼ੀ ਕਲਾਮ ਨੂੰ ਪਸੰਦ ਨਹੀਂ ਕਰਦੇ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸੂਫ਼ੀਆ ਨੇ ਕੋਝਾ ਸੰਬੰਧ ਜੋੜਿਆ ਹੈ। ਉਮਰ ਖ਼ਿਆਮ, ਫਿਰਦੋਸ਼ੀ, ਸਾਅਦੀ, ਹਾਫਿਜ਼, ਸਰਮਦ ਤੇ ਸ਼ਮਸ ਉਬਰੇਜ਼ ਪ੍ਰਮਾਤਮਾ ਨਾਲ ਮਹਿਬੂਬ ਤੇ ਮਹਿਬੂਬਾ ਦੇ ਸੰਬੰਧ ਨਾਲ ਇਬਾਦਤ ਕਰਦੇ ਰਹੇ।

ਕੁਛ ਭਗਤਾਂ ਨੇ ਪ੍ਰਮਾਤਮਾ ਨੂੰ ਮਾਲਕ ਮੰਨ, ਆਪ ਦਾਸ ਹੋ, ਭਗਤੀ ਕਰਦੇ ਰਹੇ। ਸੂਰਦਾਸ, ਤੁਲਸੀ ਦਾਸ, ਕੇਸ਼ਵ, ਇਸੇ ਹੀ ਖ਼ਿਆਲਾਂ ਦੇ ਭਗਤ ਹਨ। ਕੁਛ ਰਾਜਾ ਤੇ ਪਰਜਾ ਦੇ ਸੰਬੰਧ ਜੋੜਦੇ ਹਨ। ਕੁਛ ਇਕ ਨੇ ਸ਼ਾਖ ਭਰਾ ਆਖਿਆ ਹੈ। ਫ਼ਰਕ ਸਿਰਫ਼ ਇਤਨਾ ਰੱਖਿਆ ਹੈ ਕਿ ਉਹ ਵੱਡਾ ਭਰਾ ਹੈ। ਸੰਬੰਧ ਦੀ ਭਿਨਤਾ ਕਰ ਕੇ ਈਸ਼ਵਰ ਦੇ ਭਿੰਨ -ਭਿੰਨ ਰੂਪ ਪ੍ਰਗਟ ਹੋਏ ਔਰ ਆਮ ਮਨੁੱਖ ਨੂੰ ਇਨ੍ਹਾਂ ਭਗਤਾਂ ਦੇ ਵਿਚਾਰਾਂ ਵਿਚ ਵਿਰੋਧਾਭਸ ਪ੍ਰਤੀਤ ਹੋਇਆ।

ਗੁਰਮਤਿ ਗੁਰਬਾਣੀ ਨੇ ਉਸ ਪਰਮ ਸ਼ਕਤੀ ਨਾਲ ਸਾਰੇ ਹੀ ਸੰਬੰਧ ਸਥਾਪਤ ਕੀਤੇ ਹਨ: **ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥** (ਮਾਝ ਮ: 5)

ਅਗਰ ਇਕ ਬੱਚੇ ਦੀ ਮਾਂ ਹੋਵੇ ਤੇ ਪਿਤਾ ਨਾ ਹੋਵੇ ਤਾਂ ਐਸਾ ਬੱਚਾ ਪੂਰਨ ਤੌਰ ਤੇ ਵਿਕਾਸ ਕਰਨੋ ਅਸਮਰਥ ਰਹਿ ਜਾਂਦਾ ਹੈ। ਜੇਕਰ ਪਿਤਾ ਹੋਵੇ ਤੇ ਮਾਂ ਨਾ ਹੋਵੇ ਤਾਂ ਮਮਤਾ ਤੋਂ ਵਾਂਝਾ ਰਿਹਾ ਅੰਦਰੂਨੀ ਕੋਮਲਤਾ ਖੋਹ ਬੈਠਤਾ ਹੈ ਤੇ ਫਿਰ ਕਿਸੇ ਨੂੰ ਪਿਆਰ ਕਰਨ ਵਿਚ ਹੀਣ ਰਹਿ ਜਾਂਦਾ ਹੈ, ਕਿਉਂਕਿ ਰਜਵਾਂ ਮਮਤਾ ਭਰਿਆ ਪਿਆਰ ਇਸ ਨੂੰ ਮਿਲਿਆ ਨਹੀਂ। ਭਰਾ ਨੂੰ ਬਾਹਵਾਂ ਆਖਿਆ ਗਿਆ ਹੈ। ਮਾਂ ਬਾਪ ਹੋਵਣ ਪਰ ਭਰਾ ਨਾ ਹੋਵੇ ਤਾਂ ਮਨੁੱਖ ਆਪਣੀਆਂ ਬਾਹਵਾਂ ਨੂੰ ਕਮਜ਼ੋਰ ਸਮਝਦਾ ਹੈ ਤੇ ਅੰਦਰ ਹੀਣ-ਭਾਵ ਮਹਿਸੂਸ ਕਰਦਾ ਹੈ। ਪਰ ਸਤਿਗੁਰਾਂ ਨੇ ਉਸ ਪ੍ਰਮਾਤਮਾ ਨਾਲ ਦੋਸਤੀ ਦਾ ਸੰਬੰਧ ਵੀ ਜੋੜਿਆ ਹੈ:

**ਸੁਣ ਯਾਰ ਹਮਾਰੇ ਸੱਜਣ ਇਕ ਕਰਉ ਬੇਨੰਤੀਆਂ॥**
**ਤਿਸ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥**

ਦਿਲਾਂ ਦੀ ਸਾਂਝ ਪਾਉਣ ਵਾਲੇ ਮਿੱਤਰ ਤਾ ਸਵਰਗਵਤ ਹੁੰਦੇ ਹਨ। ਦਿਲ ਦੀ ਗੱਲ ਦਿਲ ਵਿਚ ਹੀ ਰਹੇ ਤੇ ਕਿਸੇ ਨੂੰ ਦੱਸ ਨਾ ਸਕੀਏ ਤਾ ਦਿੱਲ ਤੇ ਬੋਝ ਬਣਿਆ ਰਹਿੰਦਾ ਹੈ। ਦਿੱਲ ਦੀ ਗੱਲ ਉਸ ਨੂੰ ਹੀ ਦੱਸੀ ਜਾਂ ਸਕਦੀ ਹੈ, ਜਿਸ ਨਾਲ ਦਿਲ ਦੀ ਸਾਂਝ ਹੋਵੇ।

ਮਹਿਬੂਬ ਤੇ ਮਹਿਬੂਬਾ ਦਾ ਸੰਬੰਧ ਵੀ ਬਾਣੀ ਤੇ ਵੇਖਣ ਨੂੰ ਮਿਲਦਾ ਹੈ:

**ਸਭਿ ਰਾਤੀ ਸੋਹਾਗਣੀ ਮੈਂ ਡੋਹਾਗਣਿ ਕਾਈ ਰਾਤਿ ਜੀਉ॥**

ਪ੍ਰਮਾਤਮਾ ਰਾਜਾ ਹੈ। ਅਸੀਂ ਉਸ ਦੀ ਪਰਜਾ ਹਾਂ। ਇਹ ਸੰਬੰਧ ਵੀ ਮਿਲਦੇ ਹਨ।

**ਕੋਊ ਹਰਿ ਸਮਾਨਿ ਨਹੀਂ ਰਾਜਾ॥**
**ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦੀਵਾਜਾ॥**

ਉਹ ਮਾਲਕ ਹੈ, ਅਸੀਂ ਉਸ ਦੇ ਗੁਲਾਮ ਹਾਂ :

**ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ॥**
**ਪ੍ਰਭ ਡੋਰੀ ਹਾਥਿ ਤੁਮਾਰੇ॥**

ਪਰਿਵਾਰ ਤੇ ਸੰਸਾਰ ਦੇ ਸਾਰੇ ਸੰਬੰਧ ਗੁਰਬਾਣੀ ਨੇ ਕਰਤੇ ਪੁਰਖ ਵਿਚ ਨੀਰੂਪਣ ਕੀਤੇ ਹਨ। ਸਾਰੇ ਸੰਬੰਧਾਂ ਵਿਚ ਉਹ ਆਪ ਹੀ ਮੂਰਤੀਮਾਨ ਹੈ। ਮਾਂ ਦੀ ਮਮਤਾ ਤੇ ਪਿਤਾ ਦੇ ਪਿਆਰ ਵਿਚ ਉਹ ਆਪ ਹੀ ਮਮਤਾ ਤੇ ਪਿਆਰ ਲਡਾ ਰਿਹਾ ਹੈ। ਇਸ ਵਾਸਤੇ ਗੁਰਮਤਿ ਗੁਰਬਾਣੀ ਨੇ ਪਹਿਲੇ ਮਾਤਾ-ਪਿਤਾ ਵਿਚ ਪ੍ਰਮਾਤਮਾ ਵੇਖਣ ਦੀ ਪ੍ਰੇਰਨਾ ਕੀਤੀ ਹੈ ਕਿਉਂਕਿ ਜਿਸ ਪਰਿਵਾਰ ਵਿਚ ਕਰਤਾਰ ਨਹੀਂ ਭਾਸਦਾ, ਉਸ ਸੰਸਾਰ ਵਿਚ ਕੁਦਰਤ ਵਿਚ ਕਾਦਰ ਦਿਸਣਾ ਔਖਾ ਹੈ।

ਸੰਤ ਜਨਾਂ ਨੇ ਇਹ ਵੀ ਉਪਦੇਸ਼ ਦਿੱਤਾ ਹੈ ਕਿ ਪਤਨੀ ਪਤੀ ਵਿਚ ਪ੍ਰਮਾਤਮਾ ਦੀ ਝਲਕ ਵੇਖ, ਪਤੀ ਨੂੰ ਪ੍ਰਮੇਸ਼ਵਰ ਆਖੇ ਤੇ ਪਤੀ ਆਪਣੀ ਪਤਨੀ ਨੂੰ ਦੇਵੀ ਆਖੇ। ਅਗਰ ਇਕ ਨੂੰ ਪ੍ਰਮਾਤਮਾ ਦਿੱਸੇ ਤੇ ਦੂਜੇ ਨੂੰ ਦੇਵੀ ਦਿਖਾਈ ਦੇਵੇ ਤਾ ਘਰ ਮੰਦਰ ਬਣ ਜਾਂਦਾ ਹੈ। ਇਕ ਨੂੰ ਭੂਤ ਤੇ ਦੂਜੇ ਨੂੰ ਡਾਇਣ ਦਿੱਸੇ ਤਾਂ ਕਿਸੇ ਹੋਰ ਨਰਕ ਵਿਚ ਜਾਣ ਦੀ ਲੋੜ ਨਹੀਂ, ਘਰ ਦੀ ਬਖਸ਼ਿਸ਼ ਸਮਝਣੀ ਇਹੀ ਗੁਰੂ ਗੁਰਬਾਣੀ ਦਾ ਸੰਦੇਸ਼ ਹੈ :

**ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ॥**
**ਸਭਨਾ ਕੋ ਸਨਬੰਧੁ ਹਰਿ ਕਰਿ ਦੀਏ॥**

ਉਸ ਦੀ ਦਿੱਤੀ ਇਹ ਦਾਤ ਉਸ ਦੇ ਰੀ ਰੂਪ ਦਾ ਪ੍ਰਗਟਾਵਾ ਹੈ। ਜਦ ਪਰਿਵਾਰ ਵਿਚ ਤੇ ਸੰਸਾਰ ਅੰਦਰ ਨਿਰੰਕਾਰ ਦਿਖਾਈ ਦੇਵੇ ਤਾਂ ਘਰ ਹੀ ਸੱਚਖੰਡ ਬਣ ਜਾਂਦਾ ਹੈ ਤੇ ਮਨੁੱਖ ਜੀਵਨ- ਮੁਕਤ ਹੋ ਕੇ ਪਰਮ ਮੁਕਤ ਧਾਮ ਤਕ ਪੁੱਜ ਜਾਂਦਾ ਹੈ। ◆◆◆

# HERITAGE

## ਅਮਰੀਕਾ ਵਿਚ ਸਿੱਖ ਪਰਿਵਾਰ ‘ਵਲੰਟੀਅਰ ਸੇਵਾ ਪੁਰਸਕਾਰ’ ਨਾਲ ਸਨਮਾਨਿਤ



ਅਮਰੀਕਾ ਦੇ ਰਾਸ਼ਟਰਪਤੀ ਭਵਨ (ਵਾਈਟ ਹਾਊਸ) ਵਾਸ਼ਿੰਟਨ ਵੱਲੋਂ (President’s Gold Volunteer Service award) ਦੇ ਨਾਮ ਹੇਠਾਂ ਕਮੂਨਿਟੀ ਅਤੇ ਦੇਸ਼ ਦੇ ਨਿਸ਼ਕਾਮ ਵਲੰਟੀਅਰਸ ਨੂੰ ਸਮੇਂ ਸਮੇਂ ਸਿਰ ਗੋਲਡ ਮੈਡਲਸ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਸਿੱਖਾਂ ਲਈ ਬੜੇ ਮਾਣ ਦੀ ਗੱਲ ਹੈ ਕਿ ਇਨਸਾਨੀਅਤ ਦੀ ਸੇਵਾ ਸਦਕਾ ਇਹ ‘ਵਲੰਟੀਅਰ ਸੇਵਾ ਪੁਰਸਕਾਰ’ ਅਤੇ ਸਨਮਾਨ ਪੱਤਰ ਮਿਤੀ 5 ਨਵੰਬਰ 2023 ਦਿਨ ਐਤਵਾਰ ਨੂੰ ਕੁਝ ਸਿੱਖਾਂ ਨੂੰ ਸਮਰਪਿਤ ਕੀਤੇ ਗਏ।

## ਕੈਨੇਡਾ ‘ਸਕਿੱਲਡ ਵਰਕਰਾਂ’ ਦੀ ਮੰਗ ਪੂਰੀ ਕਰਨ ਲਈ ਤੇਜ਼ੀ ਨਾਲ ਕਰੇਗਾ ਪ੍ਰੋਸੈਸਿੰਗ

ਕੈਨੇਡੀਅਨ ਸਰਕਾਰ ਸਕਿੱਲਡ ਲੇਬਰ ਦੀ ਮੰਗ ਪੂਰੀ ਕਰਨ ਦੇ ਲਈ ਵਰਕ ਪਰਮਿਟ ਪ੍ਰੋਸੈਸ ਨੂੰ ਤੇਜ਼ ਕਰਨ ਜਾ ਰਹੀ ਹੈ। ਇੰਟਰਨੈਸ਼ਨਲ ਐਕਸਪੀਰੀਐਂਸ ਕੈਨੇਡਾ (ਆਈਈਸੀ) ਦੇ ਤਹਿਤ ਕੈਨੇਡੀਅਨ ਵਰਕ ਪਰਮਿਟ ਜਾਰੀ ਕਰਨ ਦੇ ਪ੍ਰੋਸੈਸ ਵਿਚ ਆਟੋਮੇਸ਼ਨ ਵਧਾਉਣ ਦੇ ਨਾਲ-ਨਾਲ ਇਸਦੇ ਨਿਯਮਾਂ ਵਿਚ ਵੀ ਸਖਤੀ ਨੂੰ ਘੱਟ ਕੀਤਾ ਜਾ ਰਿਹਾ ਹੈ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਵਿਅਕਤੀਆਂ ਨੂੰ ਇਸ ਸਕੀਮ ਦਾ ਲਾਭ ਮਿਲ ਸਕੇ। ਇਸ ਪ੍ਰੋਸੈਸ ਨੂੰ ਤੇਜ਼ ਕਰਨ ਲਈ ਇਕ ਨਵਾਂ ਆਟੋਮੇਸ਼ਨ ਟੂਲ ਲਾਗੂ ਕੀਤਾ ਗਿਆ ਹੈ। ਇਸ ਟੂਲ ਦਾ ਉਪਯੋਗ ਐਲ.ਐਸ.ਆਈ.ਏ. ਬੇਸਡ ਵੀਜ਼ਾ ਅਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਵਿਚ ਪਹਿਲਾਂ ਤੋਂ ਹੀ ਕੀਤਾ ਜਾ ਰਿਹਾ ਹੈ।

## ਆਵਟਣੁ

āvaṭaṇu

Var: ਆਵਟਣ, ਅਉਟਾਇ, ਅਉਟਾਏ etc.



**Sanskrit, Verb/Noun**

ਉਬਾਲਾ, ਸੇਕ, ਤਪਾਉਣਾ

Boil, Heat

**ਆਵਟਣੁ** ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥

[O mind, love the Lord, as the water loves the milk...] The water, added to the milk, itself bears the **heat**, and prevents the milk from burning.

(Guru Nanak Dev Ji - Ang 60)

ਜੈਸੇ ਤਉ **ਅਉਟਾਇ** ਦੂਧ ਜਾਵਨ ਜਮਾਇ ਮਥਿ ਸੰਜਮ ਸਹਤਿ ਘ੍ਰਿਤਿ ਪ੍ਰਗਟ ਕੈ ਮਾਨੀਐ ॥

Just as milk is **boiled**, converted to curd and then churned yields butter, with some more effort even clarified butter (Ghee) is obtained.

[...Similarly, if the sermon of the True Guru is practiced with love and devotion, with every breath, God becomes recognisable and visible in every living being.]

(Bhai Gurdaas Ji - Kabit Sawaiye - 535)

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **Guru Nanak originated a unique philosophy and he challenged which of the following beliefs?**

a. Heaven/Hell  b. Idol Worship

c. Caste System  d. All of these

2. **Gurbani of all the Gurus Sahiban and Bhagats is born out of:**

a. Their life experience

b. Own Inspiration

c. Thought Process about fundamental truths

d. All of these

3. **How the ethnocide happens?**

a. By killing a community’s language

b. Assimilation

C. Taking away from Culture

D. All of these

4. **In Western World the people of different faiths have adopted Sikhi because of which unique philosophy ?**

a. Universal One God

b. All human beings are creation of One God

c. No discrimination between Men Women , Color or Creed.

d. All of these

(ਦੇਖੋ ਉੱਤਰ ਪੰਨਾ 4 ’ਤੇ)


Explore the World with
Amar Holidays Pvt. Ltd.

Gurpreet Singh
Director

(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

## CAREER COUNSELLING

### *Discover Potential Unlock Success (Vol–2)*



Narinder Pal Singh

**Importance or Benefits of Career**

We can define the importance / benefits of career under many dimensions but primarily in 5 ways: 1. Career means a lot of your life, 2. Career affects who you are at home, 3. Career is a part of your identity, 4. Career provides direction and purpose, 5. Career will define your social life.

1. **Career Means A Lot of Your Life:** Other than sleep, job is pretty much half of your life. That's no small amount. So if your job is something you either hate or are indifferent about, that's about half of your life you either hate or are indifferent about. Not Good. We always spend a significant amount of time at work, so it's important to make sure that time isn't killing your soul. The simple fact that career is a significant portion of your life.

2. **Career Affects Who You Are At Home:** If you think your work won't affect when you are outside of the office, think again.

   Many people who hate their job also develop unhealthy habits i.e. emotionally eating, alcohol, drugs, television, depression, quick to anger etc.

   When our work is unfulfilling, we need to cope somehow. These coping mechanisms can have significant negative effects, for example - avoiding the issue rather than addressing it directly.

   Having a career that aligns with who you are will make you an energetic, positive, and makes your life outside of work better. Your friends and family will notice the difference between when you like what you do and when you don't.

   That's it for this week. Next article will cover balance three dimensions. Till than cheer up & have a great life.

"CHOOSE A JOB YOU LOVE, YOU WILL NEVER HAVE TO WORK A DAY IN YOUR LIFE"

## READERS FEEDBACK

Let us be grateful to the writers who provide different types of topics based on Religion,Culture and Heritage and make us happy.They are the charming gardeners who make our life and souls blossom.The strength of a Newspaper lies in the people behind it..All articles are very selective and interesting and shows the hardwork and love for the community.New amendments regading visa is highly appreciated.We should not believe and waste our precious time on worthless activities which leads human beings to follow the wrong foot path and are not acceptable in Sikhism..Article on Our Fourth Guru Guru Ramdas ji is written very beautifully specially views of Bhatt poets in the form of Swayyas are highly appreciated.

**- Dr. Surinder Kaur** (New Delhi)

## SIKH MATRIMONIALS

Gursikh boy 28/5'6"/ BBA/ PG from Toronto/ Working Earning $100k+/ Family in BC Canada Contact+1 (647) 568-4600

Gursikh Boy 27/ 5'10"/BSc in Nautical Science/ Second officer in Merchant Navy/ Brother & Sister in law Amritdhari working in Canada IT industry.Family well educated in New Delhi. Contact +91 88102 30637

Vegetarian, Non-Cutter/Non-Drinker Match Having Faith In Guru Granth Sahib Only For Gursikh Boy Done B. E. (Cs) From Delhi College Of Engineering 31/175, Earning Us $250000/- Pa Working In Usa. Please Contact Father +91 9953438686

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. D 4. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)



email: canadasikhtimes@gmail.com, M: +1 437 673 7555